ਮਿੱਠੇ ਬੱਚੇ:- "ਮਿੱਠੇ ਬੱਚੇ :- ਸਦਾ ਖੁਸ਼ੀ ਵਿੱਚ ਉਦੋਂ ਰਹਿ ਸਕੋਂਗੇ ਜਦੋਂ ਪੂਰਾ ਨਿਸ਼ਚੇ ਹੋਵੇਗਾ ਕਿ ਅਸੀਂ ਭਗਵਾਨੁਵਾਚ ਹੀ ਸੁਣਦੇ ਹਾਂ, ਖੁਦ ਭਗਵਾਨ ਸਾਨੂੰ ਪੜ੍ਹਾ ਰਹੇ ਹਨ"

ਪ੍ਰਸ਼ਨ:- ਡਰਾਮੇ ਅਨੁਸਾਰ ਇਸ ਸਮੇਂ ਸਭ ਪਲੈਨ ਕੀ ਬਣਾਉਂਦੇ ਹਨ ਅਤੇ ਤਿਆਰੀ ਕਿਹੜੀ ਕਰਦੇ ਹਨ?

ਉੱਤਰ:- ਇਸ ਸਮੇਂ ਸਭ ਪਲੈਨ ਬਣਾਉਂਦੇ ਹਨ ਇਨ੍ਹੇ ਸਾਲ ਵਿੱਚ ਇਨਾਂ ਅਨਾਜ਼ ਪੈਦਾ ਕਰਾਂਗੇ। ਨਵੀਂ ਦਿੱਲੀ, ਨਵਾਂ ਭਾਰਤ ਹੋਵੇਗਾ। ਪਰ ਤਿਆਰੀਆਂ ਮੌਤ ਦੀਆਂ ਕਰਦੇ ਰਹਿੰਦੇ ਹਨ। ਸਾਰੀ ਦੁਨੀਆ ਦੇ ਗਲੇ ਵਿੱਚ ਮੌਤ ਦਾ ਹਾਰ ਪਿਆ ਹੋਇਆ ਹੈ। ਕਹਾਵਤ ਹੈ ਨਰ ਚਾਹਤ ਕੁਝ ਹੋਰ, ਭਈ ਕੁਝ ਹੋਰ ਦੀ ਹੋਰ… ਬਾਪ ਦਾ ਪਲੈਨ ਆਪਣਾ ਹੈ, ਮਨੁੱਖਾਂ ਦਾ ਪਲੈਨ ਆਪਣਾ ਹੈ।

ਗੀਤ:- ਕਿਸੀ ਨੇ ਆਪਣਾ ਬਣਾ ਕੇ ਮੁਝਕੋ...

ਓਮ ਸ਼ਾਂਤੀ। ਨਿਰਾਕਾਰ ਭਗਵਾਨੁਵਾਚ ਬ੍ਰਹਮਾ ਤਨ ਦਵਾਰਾ। ਇਹ ਪਹਿਲੀ ਗੱਲ ਤੇ ਪੱਕੀ ਕਰ ਲੈਣੀ ਚਾਹੀਦੀ ਹੈ ਕਿ ਇੱਥੇ ਕੋਈ ਮਨੁੱਖ ਨਹੀਂ ਪੜ੍ਹਾਉਂਦੇ, ਨਿਰਾਕਾਰ ਭਗਵਾਨ ਪੜ੍ਹਾਉਂਦੇ ਹਨ। ਉਹਨਾਂ ਨੂੰ ਹਮੇਸ਼ਾ ਪਰਮਾਤਮਾ ਸ਼ਿਵ ਕਿਹਾ ਜਾਂਦਾ ਹੈ। ਬਨਾਰਸ ਵਿੱਚ ਸ਼ਿਵ ਦਾ ਮੰਦਿਰ ਵੀ ਹੈ ਨਾ। ਪਹਿਲੇ - ਪਹਿਲੇ ਆਤਮਾ ਨੂੰ ਇਹ ਨਿਸ਼ਚੇ ਹੋਣਾ ਚਾਹੀਦਾ ਹੈ ਕਿ ਬੇਹੱਦ ਦਾ ਬਾਪ ਸਾਨੂੰ ਪੜ੍ਹਾਉਂਦੇ ਹਨ। ਜਦੋਂ ਤੱਕ ਇਹ ਨਿਸ਼ਚੇ ਨਹੀਂ ਤਾਂ ਮਨੁੱਖ ਕਿਸੇ ਕੰਮ ਦੇ ਨਹੀਂ ਹਨ। ਕੌਡੀ ਤੁਲਜ ਹਨ। ਬਾਪ ਨੂੰ ਜਾਨਣ ਨਾਲ ਹੀਰੇ ਵਰਗੇ ਬਣ ਜਾਂਦੇ ਹਨ। ਕੌਡੀ ਤੁਲਜ ਵੀ ਭਾਰਤ ਦੇ ਮਨੁੱਖ ਬਣਦੇ ਹਨ, ਹੀਰੇ ਤੁਲਜ ਵੀ ਭਾਰਤ ਦੇ ਮਨੁੱਖ ਬਣਦੇ ਹਨ। ਬਾਪ ਆਕੇ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ। ਪਹਿਲੇ ਜਦੋਂ ਤੱਕ ਇਹ ਨਿਸ਼ਚੇ ਨਹੀਂ ਹੈ ਕਿ ਭਗਵਾਨ ਪੜ੍ਹਾਉਂਦੇ ਹਨ, ਉਹ ਜਿਵੇਂ ਇਸ ਕਾਲੇਜ ਵਿੱਚ ਬੈਠਦੇ ਵੀ ਕੁਝ ਨਹੀਂ ਸਮਝਦੇ ਹਨ। ਉਹ ਖੁਸ਼ੀ ਦਾ ਪਾਰਾ ਨਹੀਂ ਚੜ੍ਹਦਾ। ਇਹ ਹੈ ਸਾਡਾ ਮੋਸ੍ਟ ਬਿਲਵਰਡ ਬਾਪ, ਜਿਸਨੂੰ ਭਗਤੀ ਮਾਰਗ ਵਿੱਚ ਦੁੱਖ ਦੇ ਸਮੇਂ ਪੁਕਾਰਦੇ ਸਨ - ਹੇ ਪਰਮਾਤਮਾ, ਰਹਿਮ ਕਰੋ। ਇਹ ਆਤਮਾ ਕਹਿੰਦੀ ਹੈ, ਮਨੁੱਖ ਤਾਂ ਸਮਝਦੇ ਨਹੀਂ ਕਿ ਲੌਕਿਕ ਬਾਪ ਹੁੰਦੇ ਹੋਏ ਵੀ ਅਸੀਂ ਕਿਹੜੇ ਬਾਪ ਨੂੰ ਯਾਦ ਕਰਦੇ ਹਾਂ? ਆਤਮਾ ਮੁਖ ਦਵਾਰਾ ਕਹਿੰਦੀ ਹੈ ਇਹ ਸਾਡਾ ਲੌਕਿਕ ਬਾਪ ਹੈ, ਇਹ ਸਾਡਾ ਪਾਰਲੌਕਿਕ ਬਾਪ ਹੈ। ਤੁਸੀਂ ਹੁਣ ਦੇਹੀ - ਅਭਿਮਾਨੀ ਬਣੇ ਹੋ, ਬਾਕੀ ਮਨੁੱਖ ਹਨ ਦੇਹ - ਅਭਿਮਾਨੀ। ਉਹਨਾਂ ਨੂੰ ਆਤਮਾ ਅਤੇ ਪਰਮਾਤਮ ਦਾ ਪਤਾ ਹੀ ਨਹੀਂ ਹੈ। ਅਸੀਂ ਆਤਮਾਵਾਂ ਉਸ ਪਰਮਪਿਤਾ ਪਰਮਾਤਮਾ ਦੇ ਬੱਚੇ ਹਾਂ - ਇਹ ਗਿਆਨ ਕਿਸੇ ਨੂੰ ਵੀ ਨਹੀਂ ਹੈ। ਬਾਪ ਪਹਿਲੇ - ਪਹਿਲੇ ਇਹ ਨਿਸ਼ਚੇ ਕਰਾਉਂਦੇ ਹਨ ਭਗਵਾਨੁਵਾਚ, ਮੈਂ ਤੁਹਾਨੂੰ ਰਾਜਯੋਗ ਸਿਖਾਉਂਦਾ ਹਾਂ। ਤੁਸੀਂ ਦੇਹ - ਸਹਿਤ ਦੇਹ ਦੇ ਜੋ ਸੰਬੰਧ ਹਨ, ਉਹਨਾਂ ਨੂੰ ਭੁੱਲ ਆਪਣੇ ਨੂੰ ਆਤਮਾ ਨਿਸ਼ਚੇ ਕਰ ਮੈਨੂੰ ਬਾਪ ਨੂੰ ਯਾਦ ਕਰੋ। ਕੋਈ ਮਨੁੱਖ ਅਤੇ ਕ੍ਰਿਸ਼ਨ ਆਦਿ ਇਵੇਂ ਕਹਿ ਨਹੀਂ ਸਕਦੇ। ਇਹ ਹੈ ਹੀ ਝੂਠੀ ਮਾਇਆ, ਝੂਠੀ ਕਾਇਆ, ਝੂਠਾ ਸਭ ਸੰਸਾਰ। ਇੱਕ ਵੀ ਸੱਚਾ ਨਹੀਂ। ਸੱਚਖੰਡ ਵਿੱਚ ਫਿਰ ਇੱਕ ਵੀ ਝੂਠਾ ਨਹੀਂ ਹੁੰਦਾ। ਇਹ ਲਕਸ਼ਮੀ - ਨਾਰਾਇਣ ਸੱਚਖੰਡ ਦੇ ਮਾਲਿਕ ਸਨ, ਪੂਜਯ ਸੀ। ਹੁਣ ਭਾਰਤਵਾਸੀ ਧਰਮ ਭ੍ਰਿਸ਼ਟ, ਕਰਮ ਭ੍ਰਿਸ਼ਟ ਬਣ ਗਏ ਹਨ ਇਸਲਈ ਨਾਮ ਹੀ ਹੈ ਭ੍ਰਿਸ਼ਟਾਚਾਰੀ ਭਾਰਤ। ਸ਼੍ਰੇਸਠਾਚਾਰੀ ਭਾਰਤ ਸਤਿਯੁਗ ਵਿੱਚ ਹੁੰਦਾ ਹੈ। ਉੱਥੇ ਸਭ ਸਦੈਵ ਮੁਸਕੁਰਾਉਂਦੇ ਹਨ, ਕਦੀ ਬੀਮਾਰ, ਰੋਗੀ ਨਹੀਂ ਹੁੰਦੇ। ਇੱਥੇ ਭਾਵੇਂ ਕਹਿੰਦੇ ਹਨ ਫਲਾਣਾ ਸਵਰਗ ਪਧਾਰਿਆ। ਪਰ ਜਾਣਦੇ ਕੋਈ ਵੀ ਨਹੀਂ ਹਨ। ਇਸ ਸਮੇਂ ਦਾ ਰਾਜ ਵੀ ਮ੍ਰਿਗਤ੍ਰਿਸ਼ਣਾ ਦੇ ਸਮਾਨ ਹੈ। ਇੱਕ ਹਿਰਨ ਦੀ ਕਹਾਣੀ ਹੈ ਨਾ - ਪਾਣੀ ਸਮਝ ਅੰਦਰ ਗਿਆ ਅਤੇ ਦਲਦਲ ਵਿੱਚ ਫਸ ਗਿਆ। ਤੇ ਇਸ ਸਮੇਂ ਹੈ ਦੁਬਨ ਦਾ ਰਾਜ। ਜਿਨਾਂ ਸ਼ਿੰਗਾਰਦੇ ਹਨ ਓਨਾ ਹੋਰ ਹੀ ਡਿੱਗਦੇ ਜਾਂਦੇ ਹਨ। ਕਹਿੰਦੇ ਰਹਿੰਦੇ ਹਨ ਭਾਰਤ ਵਿੱਚ ਅਨਾਜ ਬਹੁਤ ਹੋਵੇਗਾ, ਇਹ ਹੋਵੇਗਾ...। ਹੁੰਦਾ ਕੁਝ ਵੀ ਨਹੀਂ। ਇਸਨੂੰ ਕਿਹਾ ਜਾਂਦਾ ਹੈ - ਨਰ ਚਾਹਤ ਕੁਝ ਹੋਰ, ਹੋਰ ਦੀ ਹੋਰ ਭਈ। ਬਾਪ ਕਹਿੰਦੇ ਹਨ ਇਹ ਕੋਈ ਰਾਜ ਨਹੀਂ ਹੈ। ਰਾਜ ਤਾਂ ਉਹਨਾਂ ਨੂੰ ਕਿਹਾ ਜਾਏ ਜਿੱਥੇ ਕੋਈ ਕਿੰਗ - ਕਵੀਨ ਹੋਵੇ। ਇਹ ਤਾਂ ਪ੍ਰਜਾ ਦਾ ਪ੍ਰਜਾ ਤੇ ਰਾਜ ਹੈ। ਇਰਲਿਜਸ, ਅਨਰਾਇਟਅਸ ਰਾਜ ਹੈ। ਭਾਰਤ ਵਿੱਚ ਤਾਂ ਆਦਿ ਸਨਾਤਨ ਦੇਵੀ - ਦੇਵਤਾਵਾਂ ਦਾ ਰਾਜ ਸੀ। ਹੁਣ ਤਾਂ ਕਿੰਨੇ ਧਰਮ ਭ੍ਰਿਸ਼ਟ, ਕਰਮ ਭ੍ਰਿਸ਼ਟ ਬਣ ਗਏ ਹਨ। ਇਵੇਂ ਹੋਰ ਕੋਈ ਦੇਸ਼ ਨਹੀਂ ਜੋ ਆਪਣੇ ਧਰਮ ਨੂੰ ਨਹੀਂ ਜਾਣਦੇ ਹੋਣ। ਕਿਹਾ ਵੀ ਜਾਂਦਾ ਹੈ ਰਿਲੀਜਨ ਇਜ ਮਾਇਟ। ਦੇਵਤਿਆਂ ਦਾ ਤੇ ਸਾਰੇ ਵਿਸ਼ਵ ਤੇ ਰਾਜ ਸੀ, ਹੁਣ ਤਾਂ ਬਿਲਕੁਲ ਹੀ ਕੰਗਾਲ ਹਨ। ਕਿੰਨੀ ਬਾਹਰ ਤੋਂ ਮਦਦ ਲੈ ਰਹੇ ਹਨ। ਉਹਨਾਂ ਦੀ ਹੈ ਬਾਹੁਬਲ ਦੀ ਮਦਦ, ਤੁਹਾਡੀ ਹੈ ਯੋਗਬਲ ਦੀ ਮਦਦ। ਤੁਸੀਂ ਬੱਚੇ ਜਾਣਦੇ ਹੋ ਮੋਸ੍ਟ ਬਿਲਵਰਡ ਬਾਪ ਹੈ ਜਿਸ ਨਾਲ ਸਾਨੂੰ 21 ਜਨਮ ਦੇ ਲਈ ਸਦਾ ਸੁੱਖ ਦਾ ਵਰਸਾ ਮਿਲਦਾ ਹੈ। ਉੱਥੇ ਕਦੇ ਦੁੱਖ ਦੀ, ਰੋਣ ਆਦਿ ਦੀ ਗੱਲ ਹੀ ਨਹੀਂ। ਕਦੇ ਅਕਾਲੇ ਮ੍ਰਿਤੂ ਨਹੀਂ ਹੁੰਦੀ। ਨਾ ਤਾਂ ਅੱਜਕਲ ਦੇ ਮੁਆਫਿਕ ਇਕੱਠੇ 4 -5 ਬੱਚੇ ਪੈਦਾ ਕਰਦੇ ਹਨ, ਇੱਕ ਪਾਸੇ ਦੇਖੋ ਖਾਣ ਦੇ ਲਈ ਨਹੀਂ ਹੈ, ਕਹਿੰਦੇ ਹਨ ਬਰਥ ਕੰਟਰੋਲ ਕਰੋ। ਨਰ ਚਾਹਤ ਕੁਝ ਹੋਰ...। ਸਮਝਦੇ ਹਨ ਨਿਊ ਦਿੱਲੀ, ਨਵਾਂ ਰਾਜ ਹੈ। ਪਰ ਹੈ ਕੁਝ ਵੀ ਨਹੀਂ। ਮੌਤ ਸਭਦੇ ਗਲੇ ਵਿੱਚ ਪਿਆ ਹੈ। ਮੌਤ ਦੀ ਪੂਰੀ ਤਿਆਰੀ ਕਰ ਰਹੇ ਹਨ। ਬਰੋਬਰ 5 ਹਜ਼ਾਰ ਵਰ੍ਹੇ ਪਹਿਲੇ ਮੁਆਫਿਕ ਇਹ ਉਹ ਹੀ ਮਹਾਭਾਰਤ ਲੜ੍ਹਾਈ ਹੈ। ਬਾਪ ਕਹਿੰਦੇ ਹਨ ਇਹ ਤਾਂ ਕੋਈ ਰਾਜ ਨਹੀਂ ਹੈ, ਇਹ ਮ੍ਰਿਗਤ੍ਰਿਸ਼ਣਾ ਮਿਸਲ ਹੈ। ਦ੍ਰੋਪਦੀ ਦਾ ਵੀ ਮਿਸਾਲ ਹੈ ਨਾ। ਤੁਸੀਂ ਸਭ ਦ੍ਰੋਪਦੀਆਂ ਹੋ। ਬਾਪ ਦਾ ਤੁਹਾਨੂੰ ਫ਼ਰਮਾਨ ਹੈ ਕਿ ਇਹਨਾਂ ਵਿਕਾਰਾਂ ਤੇ ਜਿੱਤ ਪਾਓ। ਅਸੀਂ ਪ੍ਰਤਿਗਿਆ ਕਰਦੇ ਹਾਂ - ਅਸੀਂ ਸਦਾ ਪਵਿੱਤਰ ਰਹਿ ਭਾਰਤ ਨੂੰ ਪਵਿੱਤਰ ਬਣਾਵਾਂਗੇ। ਇਹ ਪੁਰਸ਼ ਲੋਕ ਪਵਿੱਤਰ ਰਹਿਣ ਨਹੀਂ

ਦਿੰਦੇ। ਕਈ ਗੁਪਤ ਗੋਪਿਕਾਵਾਂ ਕਿੰਨਾ ਪੁਕਾਰਦੀਆਂ ਹਨ ਕਿ ਇਹ ਸਾਨੂੰ ਮਾਰਦੇ ਹਨ।

ਤੁਸੀਂ ਜਾਣਦੇ ਹੋ ਇਹ ਕਾਮ ਮਹਾਸ਼ਤਰੂ ਤਾਂ ਮਨੁੱਖ ਨੂੰ ਆਦਿ, ਮੱਧ, ਅੰਤ ਦੁੱਖ ਦੇਣ ਵਾਲਾ ਹੈ। ਬਾਪ ਕਹਿੰਦੇ ਹਨ ਇਸ ਤੇ ਤੁਹਾਨੂੰ ਜਿੱਤ ਪਾਉਣੀ ਹੈ। ਗੀਤਾ ਵਿੱਚ ਵੀ ਹੈ ਭਗਵਾਨੁਵਾਚ, ਕਾਮ ਮਹਾਸ਼ਤਰੂ ਹੈ। ਪਰ ਮਨੁੱਖ ਸਮਝਦੇ ਨਹੀਂ। ਬਾਪ ਕਹਿੰਦੇ ਹਨ ਪਵਿੱਤਰ ਬਣੋ ਤਾਂ ਹੀ ਤੁਸੀਂ ਰਾਜਾਵਾਂ ਦਾ ਰਾਜਾ ਬਣੋਂਗੇ। ਹੁਣ ਦੱਸੋ, ਰਾਜਾਵਾਂ ਦਾ ਰਾਜਾ ਬਣਨਾ ਹੈ ਜਾਂ ਪਤਿਤ ਬਣਨਾ ਹੈ? ਇਹ ਇੱਕ ਅੰਤਿਮ ਜਨਮ ਬਾਪ ਕਹਿੰਦੇ ਹਨ ਮੇਰੇ ਖ਼ਾਤਿਰ ਪਵਿੱਤਰ ਬਣੋ। ਅਪਵਿੱਤਰ ਦੁਨੀਆਂ ਦਾ ਵਿਨਾਸ਼, ਪਵਿੱਤਰ ਦੁਨੀਆਂ ਦੀ ਸਥਾਪਨਾ ਹੋ ਜਾਏਗੀ। ਅੱਧਾਕਲਪ ਤੁਸੀਂ ਵਿਸ਼ ਪੀਂਦੇ - ਪੀਂਦੇ ਇਨਾਂ ਦੁੱਖ ਵੇਖਿਆ ਹੈ, ਤੁਸੀਂ ਇੱਕ ਜਨਮ ਇਹ ਨਹੀਂ ਛੱਡ ਸਕਦੇ ਹੋ? ਹੁਣ ਪੁਰਾਣੀ ਦੁਨੀਆਂ ਦਾ ਵਿਨਾਸ਼ ਅਤੇ ਨਵੀਂ ਦੁਨੀਆਂ ਦੀ ਸਥਾਪਨਾ ਹੋ ਰਹੀ ਹੈ। ਇਸ ਵਿੱਚ ਜੋ ਪਵਿੱਤਰ ਬਣਨਗੇ ਉਹ ਹੀ ਉੱਚ ਪਦਵੀ ਪਾਉਣਗੇ। ਇਹ ਰਾਜਯੋਗ ਹੈ। ਤੁਸੀਂ ਕਹਿੰਦੇ ਹੋ ਅਸੀਂ ਬ੍ਰਹਮਾਕੁਮਾਰ - ਕੁਮਾਰੀਆਂ ਹਾਂ ਤਾਂ ਬਰੋਬਰ ਪ੍ਰਜਾਪਿਤਾ ਬ੍ਰਹਮਾ ਦੀ ਸੰਤਾਨ ਵੀ ਹਾਂ। ਬ੍ਰਹਮਾ ਸ਼ਿਵ ਦਾ ਬੱਚਾ ਹੈ, ਤੁਹਾਨੂੰ ਵਰਸਾ ਦੇਣ ਵਾਲਾ ਸ਼ਿਵ ਹੈ। ਇਹ ਇੰਨਕਾਰਪੋਰਿਅਲ ਗੋਡ ਫਾਦਰਲੀ ਯੂਨੀਵਰੀਸਿਟੀ ਹੈ। ਉਹ ਹੈਵਿਨ ਸਥਾਪਨ ਕਰਨ ਵਾਲਾ, ਵਰਸਾ ਦੇਣ ਵਾਲਾ ਸ਼ਿਵ ਹੈ। ਉਹ ਹੀ ਗੋਡ ਫ਼ਾਦਰ ਬਿਲਸਫੁੱਲ, ਨਾਲੇਜ਼ਫੁੱਲ ਬਾਪ ਬੈਠ ਪੜ੍ਹਾਉਂਦੇ ਹਨ। ਪਰ ਜਦੋਂ ਦੇਹ - ਅਭਿਮਾਨ ਨਿਕਲੇ ਤਾਂ ਹੀ ਬੁੱਧੀ ਵਿੱਚ ਬੈਠੇ। ਤਕਦੀਰ ਵਿੱਚ ਨਹੀਂ ਹੈ ਤਾਂ ਫਿਰ ਧਾਰਨਾ ਨਹੀਂ ਹੁੰਦੀ। ਬਰੋਬਰ ਜਗਤ ਪਿਤਾ ਦੇ ਤੁਸੀਂ ਬੱਚੇ ਹੋ। ਬ੍ਰਹਮਾਕੁਮਾਰ - ਕੁਮਾਰੀਆਂ ਰਾਜਯੋਗ ਸਿੱਖ ਰਹੇ ਹਨ। ਤੁਹਾਡਾ ਹੀ ਯਾਦਗਾਰ ਖੜ੍ਹਾ ਹੈ। ਕਿੰਨਾ ਵਧੀਆ ਮੰਦਿਰ ਹੈ। ਉਹਨਾਂ ਦਾ ਅਰਥ ਤੁਸੀਂ ਬੱਚਿਆਂ ਦੇ ਸਿਵਾਏ ਕੋਈ ਵੀ ਨਹੀਂ ਜਾਣਦੇ। ਪੂਜਾ ਕਰਦੇ, ਮੱਥਾ ਟੇਕਦੇ ਸਭ ਪੈਸੇ ਗਵਾ ਦਿੱਤੇ। ਹੁਣ ਬਿਲਕੁਲ ਹੀ ਕੌੜੀ ਤੁਲਜ ਬਣ ਗਏ ਹਨ। ਖਾਣ ਦੇ ਲਈ ਅੰਨ ਨਹੀਂ ਹੈ। ਹੁਣ ਕਹਿੰਦੇ ਹਨ ਬੱਚੇ ਘੱਟ ਪੈਦਾ ਕਰੋ। ਇਹ ਕਿਸੇ ਮਨੁੱਖ ਦੀ ਤਾਕਤ ਨਹੀਂ ਹੈ ਜੋ ਕਹਿ ਸਕੇ ਕਿ ਕਾਮ ਮਹਾਸ਼ਤਰੂ ਹੈ। ਇਹ ਤਾਂ ਜਿਨਾਂ ਕਹਿਣਗੇ ਘੱਟ ਪੈਦਾ ਕਰੋ ਓਨਾ ਹੀ ਜਾਸਤੀ ਪੈਦਾ ਕਰਨਗੇ। ਕਿਸੇ ਦੀ ਤਾਕਤ ਚਲ ਨਹੀਂ ਸਕਦੀ।

ਤੁਸੀਂ ਬੱਚਿਆਂ ਨੂੰ ਪਹਿਲੇ - ਪਹਿਲੇ ਇਹ ਗੱਲ ਸਮਝਾਉਣੀ ਹੈ ਕਿ ਇਹ ਗੋਡ ਫਾਦਰਲੀ ਯੂਨੀਵਰਿਸਿਟੀ ਹੈ, ਭਗਵਾਨ ਇੱਕ ਹੈ। ਇਹ ਇੱਕ ਹੀ ਚੱਕਰ ਹੈ ਜੋ ਫਿਰਦਾ ਰਹਿੰਦਾ ਹੈ। ਇਹ ਸਮਝਣ ਦੀਆਂ ਗੱਲਾਂ ਹਨ। ਮਿੱਤਰ - ਸੰਬੰਧੀਆਂ ਆਦਿ ਨੂੰ ਵੀ ਇਹ ਰੂਹਾਨੀ ਯਾਤਰਾ ਦਾ ਰਾਜ ਸਮਝਾਉਣਾ ਹੈ। ਜਿਸਮਾਨੀ ਯਾਤਰਾ ਤਾਂ ਜਨਮ - ਜਨਮਾਂਤਰ ਕੀਤੀ, ਇਹ ਰੂਹਾਨੀ ਯਾਤਰਾ ਇੱਕ ਹੀ ਵਾਰ ਹੁੰਦੀ ਹੈ। ਸਭਨੂੰ ਵਾਪਿਸ ਜਾਣਾ ਹੈ। ਕਿਸੇ ਵੀ ਪਤਿਤ ਨੂੰ ਇੱਥੇ ਰਹਿਣਾ ਨਹੀਂ ਹੈ। ਹੁਣ ਕਿਆਮਤ ਦਾ ਸਮਾਂ ਹੈ। ਇੰਨੇ ਜੋ ਕਰੋੜਾਂ ਮਨੁੱਖ ਹਨ, ਇਹ ਸਭ ਤਾਂ ਸਤਿਯੁਗ ਵਿੱਚ ਨਹੀਂ ਹੋਣਗੇ, ਉੱਥੇ ਬਹੁਤ ਥੋੜ੍ਹੇ ਹੋਣਗੇ। ਸਭਨੂੰ ਵਾਪਿਸ ਜਾਣਾ ਹੈ। ਬਾਪ ਆਏ ਹੀ ਹਨ ਲੈ ਜਾਣ - ਜਦੋਂ ਤੱਕ ਇਹ ਨਹੀਂ ਸਮਝਦੇ ਹਨ ਉਦੋਂ ਤੱਕ ਸਵੀਟ ਹੋਮ ਅਤੇ ਸੁਖਧਾਮ ਯਾਦ ਪੈ ਨਹੀਂ ਸਕਦਾ। ਯਾਦ ਕਰਨਾ ਤੇ ਬਹੁਤ ਸਹਿਜ ਹੈ। ਬਾਪ ਕਹਿੰਦੇ ਹਨ ਸਵੀਟ ਹੋਮ ਚੱਲੋ। ਮੇਰੇ ਸਿਵਾਏ ਕੋਈ ਲੈ ਨਹੀਂ ਜਾ ਸਕਦਾ। ਮੈਂ ਹੀ ਕਾਲਾਂ ਦਾ ਕਾਲ ਹਾਂ। ਕਿੰਨਾ ਚੰਗੀ ਤਰ੍ਹਾਂ ਸਮਝਾਉਂਦੇ ਹਨ। ਪਰ ਵੰਡਰ ਹੈ ਇੰਨੇ ਵਰ੍ਹੇ ਤੋਂ ਰਹਿੰਦੇ ਹੋਏ ਵੀ ਧਾਰਨਾ ਨਹੀਂ ਹੁੰਦੀ। ਕਈ ਤੇ ਬਹੁਤ ਹੁਸ਼ਿਆਰ ਹੋ ਜਾਂਦੇ, ਕਈ ਕੁਝ ਵੀ ਨਹੀਂ ਸਮਝਦੇ। ਇਸਦਾ ਮਤਲਬ ਇਹ ਨਹੀਂ ਕਿ ਪੁਰਾਣਿਆਂ ਦਾ ਹੀ ਅਜਿਹਾ ਹਾਲ ਹੈ, ਤਾਂ ਸਾਡਾ ਕੀ ਹੋਵੇਗਾ? ਨਹੀਂ, ਸਕੂਲ ਵਿੱਚ ਸਭ ਨੰਬਰਵਨ ਥੋੜੀਹੀ ਹੋਣਗੇ। ਇੱਥੇ ਵੀ ਨੰਬਰਵਾਰ ਹਨ। ਸਭਨੂੰ ਸਮਝਾਉਣਾ ਹੈ - ਬੇਹੱਦ ਦੇ ਬਾਪ ਕੋਲੋਂ ਵਰਸਾ ਲੈਣ ਦਾ ਹੁਣ ਸਮਾਂ ਹੈ। 21 ਜਨਮ ਦੇ ਲਈ ਸਦਾ ਸੁਖ ਦਾ ਵਰਸਾ ਪਾਉਣਾ ਹੈ। ਕਿੰਨੇ ਬ੍ਰਹਮਾਕੁਮਾਰ - ਕੁਮਾਰੀਆਂ ਪੁਰਸ਼ਾਰਥ ਕਰ ਰਹੇ ਹਨ। ਨੰਬਰਵਨ ਤਾਂ ਹੁੰਦੇ ਹੀ ਹਨ।

ਤੁਸੀਂ ਜਾਣਦੇ ਹੋ ਪਤਿਤ - ਪਾਵਨ ਇੱਕ ਹੀ ਬਾਪ ਹੈ। ਬਾਕੀ ਸਭ ਹਨ ਪਤਿਤ। ਬਾਪ ਕਹਿੰਦੇ ਹਨ ਸਭਦਾ ਸਦਗਤੀ ਦਾਤਾ ਇੱਕ ਹੈ, ਉਹ ਹੀ ਸਵਰਗ ਦੀ ਸਥਾਪਣਾ ਕਰਦੇ ਹਨ। ਫਿਰ ਸਿਰਫ਼ ਭਾਰਤ ਹੀ ਰਹੇਗਾ, ਬਾਕੀ ਸਭ ਵਿਨਾਸ਼ ਹੋ ਜਾਣਗੇ। ਮਨੁੱਖਾਂ ਦੀ ਬੁੱਧੀ ਵਿੱਚ ਇੰਨੀ ਗੱਲ ਵੀ ਨਹੀਂ ਬੈਠਦੀ ਹੈ। ਬਾਪ ਕਹਿੰਦੇ ਹਨ -ਬੱਚੇ, ਮੇਰੇ ਮਦਦਗਾਰ ਬਣੋ ਤਾਂ ਮੈਂ ਤੁਹਾਨੂੰ ਸਵਰਗ ਦਾ ਮਾਲਿਕ ਬਣਾਵਾਂਗਾ। ਹਿਮਤੇ ਮਰਦਾ, ਮਦਦੇ ਖੁਦਾ। ਗਾਉਂਦੇ ਤਾਂ ਹਨ ਖੁਦਾਈ ਖਿਦਮਤਗਾਰ। ਅਸਲ ਵਿੱਚ ਉਹ ਹੈ ਜਿਸਮਾਨੀ ਸੇਲਵੇਸ਼ਨ ਆਰਮੀ। ਸੱਚੇ - ਸੱਚੇ ਰੂਹਾਨੀ ਸੈਲਵੇਸ਼ਨ ਆਰਮੀ ਤੁਸੀਂ ਹੋ। ਭਾਰਤ ਦਾ ਬੇੜਾ ਜੋ ਡੁੱਬਿਆ ਹੋਇਆ ਹੈ ਉਹਨਾਂ ਨੂੰ ਸੈਲਵੇਜ ਕਰਨ ਵਾਲੀ ਤੁਸੀਂ ਭਾਰਤ ਮਾਤਾ ਸ਼ਕਤੀ ਅਵਤਾਰ ਹੋ। ਤੁਸੀਂ ਗੁਪਤ ਸੈਨਾ ਹੋ। ਸ਼ਿਵਬਾਬਾ ਗੁਪਤ ਤਾਂ ਉਹਨਾਂ ਦੀ ਸੈਨਾ ਵੀ ਗੁਪਤ। ਸ਼ਿਵ ਸ਼ਕਤੀ, ਪਾਂਡਵ ਸੈਨਾ। ਸੱਚੀ -ਸੱਚੀ ਸਤ ਨਾਰਾਇਣ ਦੀ ਕਥਾ ਇਹ ਹੈ ਬਾਕੀ ਸਭ ਹਨ ਝੂਠੀਆਂ ਕਥਾਵਾਂ ਇਸਲਈ ਕਹਿੰਦੇ ਹ "ਸੀ ਨੋ ਇਵਿਲ, ਹਿਅਰ ਨੋ ਇਵਿਲ", ਮੈਂ ਜੋ ਸਮਝਾਉਂਦਾ ਹਾਂ ਉਹ ਸੁਣੋ।

ਇਹ ਹੈ ਬੇਹੱਦ ਦਾ ਵੱਡਾ ਸਕੂਲ। ਇਸ ਯੂਨੀਵਰਸਿਟੀ ਦੇ ਲਈ ਇਹ ਮਕਾਨ ਬਣਾਏ ਹਨ, ਪਿਛਾੜੀ ਵਿੱਚ ਇੱਥੇ ਬੱਚੇ ਆਕੇ ਰਹਿਣਗੇ। ਜੋ ਯੋਗਯੁਕਤ ਹੋਣਗੇ ਉਹ ਆਕੇ ਰਹਿਣਗੇ। ਇਹਨਾਂ ਅੱਖਾਂ ਨਾਲ ਵਿਨਾਸ਼ ਦੇਖਣਗੇ। ਜੋ ਸਥਾਪਨਾ ਅਤੇ ਵਿਨਾਸ਼ ਦਾ ਸਾਕਸ਼ਾਤਕਾਰ ਤੁਸੀਂ ਹੁਣ ਦਿਵਯ ਦ੍ਰਿਸ਼ਟੀ ਨਾਲ ਦੇਖਦੇ ਹੋ ਫਿਰ ਇਹਨਾਂ ਅੱਖਾਂ ਨਾਲ ਦੇਖੋਗੇ। ਇਸ ਵਿੱਚ ਬੜੀ ਵਿਸ਼ਾਲ ਬੁੱਧੀ ਚਾਹੀਦੀ ਹੈ। ਜਿਨਾਂ ਬਾਪ ਨੂੰ ਯਾਦ ਕਰੋਂਗੇ ਓਨਾ ਬੁੱਧੀ ਦਾ ਤਾਲਾ ਖੁਲ੍ਹਦਾ ਜਾਏਗਾ। ਜੇਕਰ ਵਿਕਾਰ ਵਿੱਚ ਗਿਆ ਇਕਦਮ ਤਾਲਾ ਬੰਦ ਹੋ ਜਾਏਗਾ। ਪਤਿਤ ਬਣਿਆ ਫਿਰ ਧਾਰਨਾ ਹੋ ਨਾ ਸਕੇ। ਮਿਹਨਤ ਹੈ। ਇਹ ਕਾਲੇਜ ਹੈ - ਵਿਸ਼ਵ ਦੇ ਮਾਲਿਕ ਬਣਨ ਲਈ। ਇਹ ਬ੍ਰਹਮਾਕੁਮਾਰੀ - ਕੁਮਾਰੀਆਂ ਸ਼ਿਵਬਾਬਾ ਦੇ ਪੋਤਰੇ -ਪੋਤਰੀਆਂ ਹਨ। ਇਹ ਹੁਣ ਭਾਰਤ ਨੂੰ ਸਵਰਗ ਬਣਾ ਰਹੇ ਹਨ। ਇਹ ਰੂਹਾਨੀ ਸੋਸ਼ਲ ਵਰਕਰਸ

ਹਨ ਜੋ ਦੁਨੀਆਂ ਨੂੰ ਪਾਵਨ ਬਣਾ ਰਹੇ ਹਨ। ਮੁੱਖ ਹੈ ਪਿਓਰਿਟੀ। ਸ਼੍ਰੇਸਠਾਚਾਰੀ ਦੁਨੀਆ ਸੀ, ਹੁਣ ਭ੍ਰਿਸ਼ਟਾਚਾਰੀ ਹੈ। ਇਹ ਚੱਕਰ ਫਿਰਦਾ ਰਹਿੰਦਾ ਹੈ। ਇਹ ਦੈਵੀ ਝਾੜ ਦਾ ਸੈਪਲਿੰਗ ਲੱਗ ਰਿਹਾ ਹੈ ਜੋ ਹੌਲੀ - ਹੌਲੀ ਵ੍ਰਿਧੀ ਨੂੰ ਪਾਏਗਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸੱਚੇ - ਸੱਚੇ ਰੂਹਾਨੀ ਸੈਲਵੇਸ਼ਨ ਆਰਮੀ ਬਣ ਭਾਰਤ ਨੂੰ ਵਿਕਾਰਾਂ ਤੋਂ ਸੈਲਵੇਜ਼ ਕਰਨਾ ਹੈ। ਬਾਪ ਦਾ ਮਦਦਗਾਰ ਬਣ ਰੂਹਾਨੀ ਸੋਸ਼ਲ ਸੇਵਾ ਕਰਨੀ ਹੈ।

2. ਇੱਕ ਬਾਪ ਕੋਲੋਂ ਹੀ ਸਤ ਗੱਲਾਂ ਸੁਣਨੀਆਂ ਹਨ। ਹਿਅਰ ਨੋ ਇਵਿਲ, ਸੀ ਨੋ ਇਵਿਲ… ਇਹਨਾਂ ਅੱਖਾਂ ਨਾਲ ਪਿਛਾੜੀ ਦੇ ਸੀਨ ਦੇਖਣ ਦੇ ਲਈ ਯੋਗਯੁਕਤ ਬਣਨਾ ਹੈ।

ਵਰਦਾਨ:- ਅਪਸੈੱਟ ਹੋਣ ਦੀ ਬਜਾਏ ਹਿਸਾਬ - ਕਿਤਾਬ ਨੂੰ ਖੁਸ਼ੀ - ਖੁਸ਼ੀ ਨਾਲ ਚੁਕਤੂ ਕਰਨ ਵਾਲੇ ਨਿਸ਼ਚਿੰਤ ਆਤਮਾ ਭਵ
ਜੇਕਰ ਕੋਈ ਵੀ ਗੱਲ ਕਹਿੰਦਾ ਹੈ ਤਾਂ ਉਸ ਵਿੱਚ ਫੋਰਨ ਅਪਸੈੱਟ ਨਹੀਂ ਹੋ ਜਾਓ, ਪਹਿਲੇ ਸਪੱਸ਼ਟ ਕਰੋ ਜਾਂ ਵੈਰੀਫਾਈ ਕਰਾਓ ਕਿ ਕਿਸ ਭਾਵ ਨਾਲ ਕਿਹਾ ਹੈ, ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਨਿਸ਼ਚਿੰਤ ਹੋ ਜਾਓ। ਇਹ ਗੱਲ ਸਮ੍ਰਿਤੀ ਵਿੱਚ ਰਹੇ ਕਿ ਬ੍ਰਾਹਮਣ ਆਤਮਾਵਾਂ ਦਵਾਰਾ ਇੱਥੇ ਹੀ ਸਭ ਹਿਸਾਬ - ਕਿਤਾਬ ਚੁਕਤੂ ਹੋਣੇ ਹਨ। ਧਰਮਰਾਜਪੁਰੀ ਤੋਂ ਬਚਨ ਦੇ ਲਈ ਬ੍ਰਾਹਮਣ ਕਿਤੇ ਨਾ ਕਿਤੇ ਨਿਮਿਤ ਬਣ ਜਾਂਦੇ ਹਨ ਇਸਲਈ ਘਬਰਾਓ ਨਹੀਂ, ਖੁਸ਼ੀ - ਖੁਸ਼ੀ ਨਾਲ ਚੁਕਤੂ ਕਰੋ। ਇਸ ਵਿੱਚ ਤਰੱਕੀ (ਉੱਨਤੀ) ਹੀ ਹੋਣੀ ਹੈ।

ਸਲੋਗਨ:- "ਬਾਪ ਹੀ ਸੰਸਾਰ ਹੈ" ਸਦਾ ਇਸ ਸਮ੍ਰਿਤੀ ਵਿੱਚ ਰਹਿਣਾ - ਇਹ ਹੀ ਸਹਿਯੋਗ ਹੈ।

******

ਮਾਤੇਸ਼ਵਰੀ ਜੀ ਦੇ ਮਧੁਰ ਮਹਾਂਵਾਕ

''ਅਜਪਾਜਪ ਮਤਲਬ ਨਿਰੰਤਰ ਯੋਗ ਅਟੁੱਟ ਯੋਗ''

ਜਿਸ ਸਮੇਂ ਓਮ ਸ਼ਾਂਤੀ ਕਹਿੰਦੇ ਹੋ ਤਾਂ ਉਸਦਾ ਅਸਲ ਅਰਥ ਹੈ ਮੈਂ ਆਤਮਾ ਉਸ ਜਯੋਤੀ ਸ੍ਵਰੂਪਰ ਪਰਮਾਤਮਾ ਜਿਸ ਦੀ ਸੰਤਾਨ ਹਾਂ, ਅਸੀਂ ਵੀ ਉਸ ਪਿਤਾ ਜਯੋਤੀਬਿੰਦੂ ਪਰਮਾਤਮਾ ਦੇ ਮੁਆਫਿਕ ਆਕਾਰ ਵਾਲੀਆਂ ਹਾਂ । ਬਾਕੀ ਅਸੀਂ ਸਾਲੀਗ੍ਰਾਮ ਬੱਚੇ ਹਾਂ ਤਾਂ ਸਾਨੂੰ ਆਪਣੇ ਜੋਤੀ ਸਵਰੂਪ ਪਰਮਾਤਮਾ ਦੇ ਨਾਲ ਯੋਗ ਰੱਖਣਾ ਹੈ, ਉਸ ਨਾਲ ਹੀ ਯੋਗ ਰੱਖਕੇ ਲਾਇਟ ਮਾਈਟ ਦਾ ਵਰਸਾ ਲੈਣਾ ਹੈ, ਤਾਂ ਹੀ ਤੇ ਗੀਤਾ ਵਿੱਚ ਖੁਦ ਭਗਵਾਨ ਦੇ ਮਹਾਂਵਾਕ ਹਨ, ਮਨਮਨਾਭਵ। ਮੁਝ ਜਯੋਤੀ ਸਵਰੂਪ ਪਿਤਾ ਦੇ ਸਮਾਨ ਤੁਸੀਂ ਬੱਚੇ ਵੀ ਨਿਰਾਕਾਰੀ ਸਵਰੂਪ ਵਿੱਚ ਸਥਿਤ ਹੋ ਜਾਓ, ਇਸਨੂੰ ਹੀ ਅਜਪਾਜਾਪ ਕਿਹਾ ਜਾਂਦਾ ਹੈ। ਅਜਪਾਜਾਪ ਮਾਨਾ ਕੋਈ ਵੀ ਮੰਤਰ ਜਪਣ ਦੇ ਸਿਵਾਏ ਨੇਚਰੁਲ ਉਸ ਪਰਮਾਤਮਾ ਦੀ ਯਾਦ ਵਿੱਚ ਰਹਿਣਾ, ਇਸਨੂੰ ਹੀ ਪੂਰਨ ਯੋਗ ਕਹਿੰਦੇ ਹਨ। ਯੋਗ ਦਾ ਮਤਲਬ ਹੈ ਇੱਕ ਹੀ ਯੋਗੇਸ਼ਵਰ ਪਰਮਾਤਮਾ ਦੀ ਯਾਦ ਵਿੱਚ ਰਹਿਣਾ। ਤਾਂ ਜੋ ਆਤਮਾਵਾਂ ਉਸ ਪਰਮਾਤਮਾ ਦੀ ਯਾਦ ਵਿੱਚ ਰਹਿੰਦੀਆਂ ਹਨ, ਉਹਨਾਂ ਨੂੰ ਹੀ ਯੋਗੀ ਮਤਲਬ ਯੋਗਨੀਆਂ ਕਿਹਾ ਜਾਂਦਾ ਹੈ। ਜਦੋਂ ਉਸ ਯੋਗ ਮਤਲਬ ਯਾਦ ਵਿੱਚ ਨਿਰੰਤਰ ਰਹਿਣ ਤਾਂ ਹੀ ਵਿਕ੍ਰਮਾਂ ਅਤੇ ਪਾਪਾਂ ਦਾ ਬੋਝ ਨਸ਼ਟ ਹੋਵੇ ਅਤੇ ਆਤਮਾਵਾਂ ਪਵਿੱਤਰ ਬਣਨ, ਜਿਸਨਾਲ ਫਿਰ ਭਵਿੱਖ ਜਨਮ ਵਿੱਚ ਦੇਵਤਾਈ ਪ੍ਰਲਾਬੱਧ ਮਿਲੇ। ਹੁਣ ਇਹ ਚਾਹੀਦਾ ਨਾਲੇਜ ਤਾਂ ਹੀ ਯੋਗ ਲਗ ਸਕਦਾ ਹੈ। ਤਾਂ ਆਪਣੇ ਨੂੰ ਆਤਮਾ ਸਮਝ ਪਰਮਾਤਮਾ ਦੀ ਯਾਦ ਵਿੱਚ ਰਹਿਣਾ, ਇਹ ਹੈ ਸੱਚਾ ਗਿਆਨ। ਇਸ ਗਿਆਨ ਨਾਲ ਹੀ ਯੋਗ ਲਗਦਾ ਹੈ। ਅੱਛਾ। ਓਮ ਸ਼ਾਂਤੀ।